# ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਿਟੀ

GMADA

ਸੈਕਟਰ 62, ਐਸ.ਏ.ਐਸ ਨਗਰ
( www.gmada.gov.in )

ਸੇਵਾ ਵਿਖੇ,

M/s Turnstone Realty LLP Through Sh. Gulzar Chahal,
SCO-67, 1st Floor, Sector-82,
Distt-SAS Nagar-140308.

ਪੱਤਰ ਨੰ: ਗਮਾਡਾ/ਮਿ.ਅ (ਪ)/2023/ 77000 ਮਿਤੀ 05/07/2023

ਵਿਸ਼ਾ:- **ਸ਼ਹਿਰੀ ਮਿਲਖ ਐਸ.ਏ.ਐਸ.ਨਗਰ ਵਿਖੇ ਇਮਾਰਤ ਦੀ ਉਸਾਰੀ ਦੇ ਪ੍ਰਪੋਜਡ ਬਿਲਡਿੰਗ ਪਲੈਨ ਪਾਸ ਕਰਨ ਬਾਰੇ।**

ਹਵਾਲਾ ਡਾਇਰੀ ਨੰ. ਈ-403125 ਮਿਤੀ 12.10.2022 ਅਤੇ ਡਾਇਰੀ ਨੰ. ਈ-521753 ਮਿਤੀ 03.07.2023 ਦੇ ਸਬੰਧ ਵਿਚ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ **Group Housing Site, Sector-67, SAS Nagar** ਦੀ ਇਮਾਰਤ ਦੇ **ਪ੍ਰਪੋਜਡ** ਪਲਾਨ ਇਸ ਦਫਤਰ ਵਿਖੇ ਪ੍ਰਾਪਤ ਹੋਏ ਸਨ ਅਤੇ ਵਿਸ਼ੇ ਅਧੀਨ ਦਰਸਾਈ ਸਾਈਟ ਦੇ ਬਿਲਡਿੰਗ ਪਲੈਨ- ਰਿਹਾਇਸ਼ੀ ਟਾਵਰ **A,B,C, D & E, (S+19), Tower- F,G & H (S+16), Tower- I & J (S+14), Club, Convenient Shoping & Community Facilities/ Health Facilities (Total 30 Sheets)** ਹੇਠ ਲਿਖੀਆਂ ਸ਼ਰਤਾਂ ਅਨੁਸਾਰ ਪ੍ਰਵਾਨ ਕੀਤੇ ਜਾਂਦੇ ਹਨ:-

1) ਚਾਰ ਦੀਵਾਰੀ ਅਤੇ ਗੇਟ ਸਟੈਂਡਰਡ ਡਿਜਾਇਨ ਅਨੁਸਾਰ ਹੋਣਾ ਚਾਹਿਦਾ ਹੈ।

2) ਆਪ ਬਿਲਡਿੰਗ ਦੀ ਉਸਾਰੀ ਪ੍ਰਵਾਨਿਤ ਜੋਨਿੰਗ ਪਲੈਨ ਅਤੇ ਬਿਲਡਿੰਗ ਪਲੈਨਾਂ ਅਨੁਸਾਰ ਹੀ ਕਰਨ ਦੇ ਪਾਬੰਦ ਹੋਵੋਗੇ।

3) ਬਿਲਡਿੰਗ ਆਕੂਪਾਈ ਕਰਨ ਤੋਂ ਪਹਿਲਾਂ ਫਾਇਰ ਸੇਫਟੀ ਸਬੰਧੀ ਜਿਲ੍ਹਾ ਫਾਇਰ ਅਫਸਰ ਤੋਂ ਲੋੜੀਦਾਂ ਐਨ.ਓ.ਸੀ. ਪ੍ਰਾਪਤ ਕੀਤਾ ਜਾਵੇਗਾ।

4) ਆਪ ਵਲੋਂ ਦਿੱਤੀ ਅੰਡਰਟੇਕਿੰਗ ਦੇ ਆਧਾਰ ਤੇ ਬਿਲਡਿੰਗ ਦਾ ਸਟਰਕਚਰਲ ਡਿਜਾਈਨ ਕਿਸੇ **Indian Institute of Technology (IIT), Punjab Engineering College Chandigarh** ਜਾਂ **Thapar Insititute of Engineering and Technology Patiala** ਤੋਂ ਵੈਟ ਕਰਾ ਕੇ ਇਸ ਪੱਤਰ ਜਾਰੀ ਹੋਣ ਦੀ ਮਿਤੀ ਤੋਂ 3 ਮਹੀਨੇ ਦੇ ਅੰਦਰ-ਅੰਦਰ ਇਸ ਦਫਤਰ ਵਿਚ ਜਮ੍ਹਾ ਕਰਵਾਉਣ ਦੇ ਪਾਬੰਦ ਹੋਵੋਗੇ। ਇਸ ਤੋਂ ਇਲਾਵਾ ਜੇਕਰ ਕਿਸੇ **Institute** ਵਲੋਂ ਕੋਈ ਤਬਦੀਲੀ ਸੁਝਾਈ ਜਾਂਦੀ ਹੈ ਤਾਂ ਉਸ ਨੁਸਾਰ ਆਪ ਬਿਲਡਿੰਗ ਪਲੈਨ ਰਿਵਾਈਜਡ ਕਰਵਾਉਣ ਦੇ ਪਾਬੰਦ ਹੋਵੋਗੇ। ਜੇਕਰ ਆਪ ਇਹ ਸਟਰਕਚਰ ਡਿਜਾਈਨ ਨਿਸ਼ਚਿਤ ਸਮੇਂ ਉਕਤ ਸਰਟੀਫਿਕੇਟ ਇਸ ਦਫਤਰ ਵਿਖੇ ਜਮ੍ਹਾ ਨਹੀਂ ਕਰਵਾਂਉਦੇ ਤਾਂ ਇਨ੍ਹਾਂ ਬਿਲਡਿੰਗ ਪਲੈਨਾਂ ਦੀ ਪ੍ਰਵਾਨਗੀ ਰੱਦ ਸਮਝੀ ਜਾਵੇਗੀ।

5) ਆਪ ਬਿਲਡਿੰਗ ਦੀ ਉਸਾਰੀ ਸ਼ੁਰੂ ਕਰਨ ਤੋਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਤੋਂ ਲੋੜੀਂਦਾ ਐਨ.ਓ.ਸੀ/ਪਰਮਿਸ਼ਨ ਪ੍ਰਾਪਤ ਕਰਨ ਦੇ ਪਾਬੰਦ ਹੋਵੋਗੇ ਅਤੇ ਇਸ ਤੋਂ ਇਲਾਵਾ ਜੇਕਰ EIA ਦੀ ਜਰੂਰਤ ਹੋਵੇਗੀ ਤਾਂ EIA ਪ੍ਰਵਾਨਗੀ ਲੈਣ ਦੇ ਪਾਬੰਦ ਹੋਵੋਂਗੇ।

6) ਆਪ ਵਲੋਂ ਸਾਈਟ ਵਿਚ ਬਿਲਡਿੰਗ ਰੂਲ-2021 ਅਨੁਸਾਰ ਕੰਪਲੀਸ਼ਨ ਲੈਣ ਤੋਂ ਪਹਿਲਾਂ ਰੁੱਖਾਂ ਦੀ ਪਲਾਂਟੇਸ਼ਨ ਕਰਨਾ ਲਾਜਮੀ ਹੈ।

7) ਬਿਲਡਿੰਗ ਵਿੱਚ ਜਨ ਸਹੂਲਤਾਂ (ਪਬਲਿਕ ਹੈਲਥ ਅਤੇ ਬਿਜਲੀ) ਸਟੈਂਡਰਡ ਨਾਰਮਜ (Latest Specifications), ਸੀਵਰੇਜ ਸੋਲਿਡ ਵੇਸਟ ਮੈਨੇਜਮੈਂਟ ਰੂਲਜ-2016 (With Latest Amendments) ਅਨੁਸਾਰ ਸੋਲਿਡ ਵੇਸਟ ਮੈਨੇਜਮੈਂਟ ਆਪਣੇ ਪੱਧਰ ਤੇ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਸੋਲਰ ਵਾਟਰ ਹੀਟਿੰਗ ਅਤੇ ਰੇਨ ਵਾਟਰ ਹਾਰਵੇਸਟਿੰਗ ਸਿਸਟਮ ਦੇ ਸਟੈਂਡਰਡ ਨਾਰਮਜ ਅਨੁਸਾਰ ਉਪਬੰਧ ਕਰਨ ਦੀ ਜਿੰਮੇਵਾਰੀ ਆਪ ਦੀ ਆਪਣੀ ਹੋਵੇਗੀ।

8) ਬਿਲਡਿੰਗ ਅੰਦਰ ਪੀਣ ਲਈ ਸਟੋਰ ਕੀਤੇ ਗਏ ਪਾਣੀ ਦੀ **disinfection** ਲਈ ਲੋੜੀਂਦੇ ਪ੍ਰਬੰਧ ਕਰਨੇ ਯਕੀਨੀ ਬਣਾਏ ਜਾਣ।

9) ਐਸ.ਟੀ.ਪੀ ਤੋਂ ਟ੍ਰੀਟ ਕੀਤੇ ਗਏ ਟ੍ਰੀਟਡ ਵਾਟਰ ਨੂੰ ਫਲੱਸ਼ਿੰਗ ਅਤੇ ਹੋਰ ਨੋਨ ਪੋਟੇਬਲ ਮੰਤਵ ਲਈ ਹੀ ਵਰਤਿਆ ਜਾਵੇਗਾ।

10) **Solid Waste Management Rules-2016 (with latest amendments)** ਅਨੁਸਾਰ **Solid Waste** ਦਾ ਪ੍ਰਬੰਧ ਆਪਣੇ ਪੱਧਰ ਤੇ ਕੀਤਾ ਜਾਵੇ।

11) ਆਪ ਸਾਈਟ ਲਈ ਵਾਟਰ ਸਪਲਾਈ, ਸੀਵਰੇਜ, ਸੀਵਰੇਜ ਟ੍ਰੀਟਮੈਂਟ ਪਲਾਂਟ, ਸਟਾਰਮ ਵਾਟਰ ਡ੍ਰੇਨੇਜ, ਟ੍ਰੀਟਡ ਵਾਟਰ ਸਪਲਾਈ ਦਾ ਪ੍ਰਬੰਧ ਆਪਣੇ ਪੱਧਰ ਤੇ ਕਰਨ ਦਾ ਪਾਬੰਦ ਹੋਵੇਗੇ।

12) ਕਮਰਸ਼ੀਅਲ/ ਕਲੱਬ ਬਿਲਡਿੰਗ ਲਈ ਕੰਪਲੀਸ਼ਨ ਸਰਟੀਫਿਕੇਟ ਤਾਂ ਜਾਰੀ ਕੀਤਾ ਜਾਵੇਗਾ, ਜੇਕਰ ਆਪ ਵਲੋਂ **ECBC Compliance** ਸਬੰਧੀ **PEDA Empanelled, ECBC design professional** ਵਲੋਂ ਸਰਟੀਫਿਕੇਟ ਪੇਸ਼ ਕੀਤਾ ਜਾਵੇਗਾ। ਇਸ ਤੋਂ ਇਲਾਵਾ ਜੇਕਰ **ECBC design professional** ਵਲੋਂ ਕੋਈ ਤਬਦੀਲੀ ਸੁਝਾਈ ਜਾਂਦੀ ਹੈ ਤਾਂ ਉਸ ਅਨੁਸਾਰ ਆਪ ਬਿਲਡਿੰਗ ਪਲੈਨ ਰਿਵਾਈਜਡ ਕਰਵਾਉਣ ਦੇ ਪਾਬੰਦ ਹੋਵੋਗੇ।



CamScanner

13) ਰੇਨ ਹਾਰਵੈਸਟਿੰਗ/ਰੀ-ਚਾਰਜਵੈੱਲ ਦੀ ਸਮੇਂ ਸਮੇਂ ਸਿਰ ਸਫਾਈ ਕਰਵਾਉਣੀ ਯਕੀਨੀ ਬਣਾਈ ਜਾਵੇ ਅਤੇ ਸਾਰੇ ਰੀ-ਚਾਰਜ ਵੈੱਲਾਂ ਨੂੰ ਚਾਲੂ ਹਾਲਤ ਵਿਚ ਰੱਖਿਆ ਜਾਵੇ।

14) ਗਮਾਡਾ ਤੋਂ ਇਲਾਵਾ ਹੋਰ **Statuary authorities** ਤੋਂ ਲੋੜੀਂਦੀ ਪ੍ਰਵਾਨਗੀ ਆਪਣੇ ਪੱਧਰ ਤੇ ਪ੍ਰਾਪਤ ਕੀਤੀ ਜਾਵੇ ਅਤੇ ਆਪ ਉਨ੍ਹਾਂ ਵਲੋਂ ਸਮੇਂ ਸਮੇਂ ਸਿਰ ਜਾਰੀ ਕੀਤੀਆਂ ਗਈਆਂ ਸ਼ਰਤਾਂ ਨੂੰ ਮੰਨਣ ਲਈ ਵੀ ਪਾਬੰਦ ਹੋਵੋਗੇ ।

15) ਆਪ ਨੂੰ ਇਸ ਬਿਲਡਿੰਗ ਦੀ ਉਸਾਰੀ ਜਾਂ ਵਰਤੋਂ ਸਬੰਧੀ ਜੇਕਰ ਕੋਈ ਹੋਰ ਕਾਨੂੰਨੀ ਪ੍ਰਵਾਨਗੀ ਕਿਸੇ ਕਾਨੂੰਨ ਜਾਂ ਕਿਸੇ ਵੀ ਹੋਰ ਵਿਭਾਗ ਤੋਂ ਲੋੜੀਂਦੀ ਹੋਵੇਗੀ ਤਾਂ ਆਪ ਆਪਣੇ ਪੱਧਰ ਤੇ ਪ੍ਰਾਪਤ ਕਰਨ ਦੇ ਪਾਬੰਦ ਹੋਵੋਗੇ।

16) ਜੇਕਰ ਕੋਈ ਬਕਾਇਆ ਨਿੱਕਲਦਾ ਹੈ ਤਾਂ ਕੰਪਨੀ ਉਸਨੂੰ ਜਮ੍ਹਾ ਕਰਵਾਉਣ ਦੀ ਪਾਬੰਦ ਹੋਵੇਗੀ।

17) ਆਪ ਅੰਡਰ ਗਰਾਊਂਡ ਵਾਟਰ ਸਬੰਧੀ ਮੁੱਖ ਪ੍ਰਸ਼ਾਸ਼ਕ, ਪੁੱਡਾ, ਐਸ.ਏ.ਐਸ.ਨਗਰ ਵਲੋਂ ਜਾਰੀ ਪੱਤਰ ਨੰ. ਪੁੱਡਾ/ਸੀ.ਏ/2013/1713-16 ਮਿਤੀ 27.02.2013 ਵਿਚ ਦਰਜ ਹਦਾਇਤਾਂ ਦੀ ਪਾਲਣਾ ਕਰਨ ਦੇ ਪਾਬੰਦ ਹੋਵੋਂਗੇ।

18) ਆਪ ਕੰਨਸਟਰੰਕਸ਼ਨ ਐਕਟੀਵਿਟੀ ਨੂੰ ਮੋਨੀਟਰ ਕਰਨ ਸਬੰਧੀ ਸਰਕਾਰ ਵੱਲੋਂ ਜਾਰੀ ਐਕਸ਼ਨ ਪਲੈਨ ਮੀਮੋ ਨੰ. 17/20/2016-1HG2/1112 dated 02.03.2017 ਦੀਆਂ ਮਿੱਥਿਆਵਾਂ ਦੀ ਇੰਨ-ਬਿੰਨ ਪਾਲਣਾ ਕਰਨ ਦੇ ਪਾਬੰਦ ਹੋਵੋਗੇ।

19) ਆਪ ਬਿਲਡਿੰਗ ਰੂਲਜ਼-2021 ਵਿਚ ਕੀਤੇ ਗਏ ਉਪਬੰਧ ਦੀ ਪ੍ਰਤੀਪੂਰਤੀ ਕਰਨ ਦੇ ਪਾਬੰਦ ਹੋਵੋਗੇ।

20) ਅਲਾਟੀ/ਕੰਪਨੀ ਵਲ ਜੇਕਰ ਭਵਿੱਖ ਵਿਚ ਕੋਈ ਦਸਤਾਵੇਜ ਜਾਂ ਬਕਾਇਆ ਰਕਮ ਨਿਕਲਦੀ ਹੈ ਤਾਂ ਜਮ੍ਹਾ ਕਰਾਉਣ ਦਾ ਪਾਬੰਦ ਹੋਵੇਗਾ।

21) ਆਪ ਬਿਲਡਿੰਗ ਦੀ ਉਸਾਰੀ ਪ੍ਰਵਾਨਿਤ ਲੇ ਆਊਟ ਪਲੈਨ / ਜੋਨਿੰਗ / ਬਿਲਡਿੰਗ ਪਲੈਨ ਅਨੁਸਾਰ ਹੀ ਕਰਨ ਦੇ ਪਾਬੰਦ ਹੋਵੋਗੇ। ਇਸ ਤੋਂ ਇਲਾਵਾ **Punjab Regional and Town Planning and Development Act,1995** ਅਤੇ **Punjab Apartment and Property Regulation Act, 1995 (Ameneded From time to time)** ਦੇ ਉਪਬੰਧਾ ਅਨੁਸਾਰ ਹੀ ਅਗਲੇਰੀ ਕਾਰਵਾਈ ਕਰਨ ਦੇ ਪਾਬੰਦ ਹੋਵੋਗੇ।

22) ਆਪ ਬਿਲਡਿੰਗ ਵਿੱਚ ਲਾਈਟ ਅਤੇ ਵੈਂਟੀਲੇਸ਼ਨ ਦੀ ਪ੍ਰਤੀਪੂਰਤੀ ਲਈ **HVAC** ਸਿਸਟਮ ਦੇਣ ਸਬੰਧੀ ਬਿਲਡਿੰਗ ਪਲੈਨਾਂ ਉੱਪਰ ਨੋਟ ਦਰਜ ਕੀਤਾ ਗਿਆ ਹੈ। ਇਸ ਤਜਵੀਜ ਨੂੰ ਘੋਖਦੇ ਹੋਏ ਇਸ ਦੀ ਵਿਵਸਥਾ ਨੂੰ ਯਕੀਨੀ ਬਣਾਉਣ ਲਈ ਆਪ ਨੂੰ ਪਾਬੰਦ ਕੀਤਾ ਜਾਂਦਾ ਹੈ। ਇਸ ਦੀ ਪੁਸ਼ਟੀ ਆਪਣੇ ਪੱਧਰ ਤੇ ਹੀ ਕਰਨੀ ਯਕੀਨੀ ਬਣਾਈ ਜਾਵੇ।

23) ਆਪ ਇਸ ਦਫਤਰ ਵਲੋਂ ਜਾਰੀ ਅਲਾਟਮੈਂਟ ਪੱਤਰ ਵਿਚ ਲਗਾਈਆਂ ਗਈਆਂ ਸ਼ਰਤਾਂ ਦੀ ਪ੍ਰਤੀਪੂਰਤੀ ਕਰਨ ਦੇ ਪਾਬੰਦ ਹੋਵੋਗੇ।

24) ਆਪ ਡੀਪੀਸੀ ਲੈਵਲ ਤੱਕ ਉਸਾਰੀ ਕਰਨ ਉਪਰੰਤ ਡੀਪੀਸੀ ਸਰਟੀਫਿਕੇਟ ਗਮਾਡਾ ਤੋਂ ਲੈਣ ਦੇ ਪਾਬੰਦ ਹੋਵੋਗੇ।

25) ਆਪ ਸਟਰਕਚਰਲ ਇੰਜੀਨੀਅਰ ਵਲੋਂ ਜਾਰੀ ਸਰਟੀਫਾਇਡ ਡਿਜਾਈਨ ਅਨੁਸਾਰ ਹੀ ਬਿਲਡਿੰਗ ਦੀ ਉਸਾਰੀ ਕਰੋਗੇ ਅਤੇ ਸਟਰਕੱਚਰ ਸਬੰਧੀ ਜਿੰਮੇਵਾਰੀ ਆਪ ਦੀ ਆਪਣੀ ਹੋਵੇਗੀ ਅਤੇ ਆਪ ਭੂਚਾਲ ਤੋਂ ਬਚਾਅ ਦੇ ਮਾਪਦੰਡ ਅਪਣਾਉਣ ਅਤੇ ਬਿਲਡਿੰਗ ਦੀ ਉਸਾਰੀ ਸਟਰੱਕਚਰਲ ਇੰਜੀਨੀਅਰ/ਆਰਕੀਟੈਕਟ ਦੀ ਦੇਖਰੇਖ ਵਿਚ ਕਰਨ ਦੇ ਪਾਬੰਦ ਹੋਵੋਗੇ।

26) ਪ੍ਰਾਰਥੀ **"The Punjab Urban Planning and Development Building Rules-2021'** ਅਤੇ **National Building Code of India,2016** ਦੇ ਉਪਬੰਧਾਂ ਅਤੇ ਵੱਖ-ਵੱਖ ਵਿਭਾਗਾਂ ਰੇ ਰੂਲ/ਗਾਈਡਲਾਈਨਾਂ ਦੀ ਪਾਲਣਾ ਕਰਨ ਦਾ ਪਾਬੰਦ ਹੋਵੇਗਾ।

27) ਬਿਲਡਿੰਗ ਰੂਲ-2021 ਅਨੁਸਾਰ ਜੇਕਰ ਉਸਾਰੀ ਦੌਰਾਨ ਮਾਲਕ/ਆਰਕੀਟੈਕਟ/ਸਿਵਲ ਇੰਜੀਨੀਅਰ/ਸਟਰੱਕਚਰ ਇੰਜੀਨੀਅਰ ਬਦਲ ਜਾਂਦੇ ਹਨ ਤਾਂ ਇਸ ਸਬੰਧੀ ਪ੍ਰਾਰਥੀ ਰੂਲਾਂ ਅਨੁਸਾਰ ਇਸ ਵਿਭਾਗ ਨੂੰ ਸੂਚਿਤ ਕਰਨ ਦਾ ਪਾਬੰਦ ਹੋਵੇਗਾ ਅਤੇ ਜਿਨ੍ਹੀਂ ਦੇਰ ਤੱਕ ਮਾਲਕ/ਆਰਕੀਟੈਕਟ/ਸਿਵਲ ਇੰਜੀਨੀਅਰ/ਸਟਰੱਕਚਰ ਇੰਜੀਨੀਅਰ ਨਿਯੁਕਤ ਨਹੀਂ ਹੋ ਜਾਂਦੇ ਉਨ੍ਹੀਂ ਦੇਰ ਉਸਾਰੀ ਦੇ ਕੰਮ ਨਹੀਂ ਕੀਤੇ ਜਾਣਗੇ।

28) ਆਪ ਸਰਕਾਰ ਵਲੋਂ ਸਮੇਂ ਸਮੇਂ ਸਿਰ ਜਾਰੀ ਕੀਤੀ ਜਾਂਦੀਆਂ ਹਦਾਇਤਾਂ ਅਤੇ ਸਪੈਸੀਫਿਕੇਸ਼ਨਾਂ ਦੀ ਪੂਰੀ ਪਾਲਣਾ ਕਰਨ ਦੇ ਪਾਬੰਦ ਹੋਵੋਗੇ।

29) ਆਪ ਵਲੋਂ ਸਾਈਟ ਵਿਚ ਬਿਲਡਿੰਗ ਰੂਲ-2021 ਅਨੁਸਾਰ ਕੰਪਲੀਸ਼ਨ ਲੈਣ ਤੋਂ ਪਹਿਲਾਂ ਰੁੱਖਾਂ ਦੀ ਪਲਾਂਟੇਸ਼ਨ ਕਰਨ ਦੇ ਪਾਬੰਦ ਹੋਵੋਗੇ।



CS CamScanner

30) ਬਿਲਡਿੰਗ ਦੀ ਹਾਈਟ ਜੇਕਰ 15 ਮੀਟਰ ਤੋਂ ਵੱਧ ਉਸਾਰੀ ਕੀਤੀ ਜਾਂਦੀ ਹੈ ਤਾਂ ਆਪ Indian Air Force (IAF), ਵਲੋਂ ਪ੍ਰਮੋਟਰ ਨੂੰ ਜਾਰੀ ਪੱਤਰ ਨੰ.WAC/S5016/2/ATS (34/22) dated 09.09.2022 ਰਾਹੀਂ ਜਾਰੀ ਪੱਤਰ ਦੀ ਪਾਲਣਾ ਕਰਨ ਦੇ ਪਾਬੰਦ ਹੋਵੋਗੇ।

31) ਇਸ ਪੱਤਰ ਨੂੰ ਸਾਈਟ ਦੀ ਮਲਕੀਅਤ ਲਈ ਨਹੀਂ ਵਰਤਿਆ ਜਾਵੇਗਾ।

32) ਆਪ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਦੇ ਕਿਸੇ ਵੀ ਅਦਾਰੇ/ਵਿਭਾਗ ਦੇ ਰੂਲਾਂ ਅਤੇ ਸਮੇਂ ਸਮੇਂ ਸਿਰ ਕੀਤੀ ਗਈਆਂ ਹਦਾਇਤਾਂ ਨੂੰ ਮੰਨਣ ਦੇ ਪਾਬੰਦ ਹੋਵੋਗੇ।

33) ਆਪ NBC-2016ਦੇ ਉਪਬੰਧਾਂ ਅਨੁਸਾਰ ਸਾਈਟ / ਬਿਲਡਿੰਗ ਵਿਚ Equipment/Services ਲਈ ਮੁਕੰਮਲ ਉਪਬੰਧ ਕਰਨ ਲਈ ਪਾਬੰਦ ਹੋਵੋਗੇ।

34) ਬਿਜਲੀ ਸਬੰਧੀ ਕਾਰਜ **PSPCL** ਦੀ ਪ੍ਰਵਾਨਗੀ ਉਪਰੰਤ ਕੀਤੇ ਜਾਣਗੇ।

35) ਆਪ ਪ੍ਰੋਜੈਕਟ ਨੂੰ **Real Estate Regulatory Authority (RERA)** ਐਕਟ ਅਧੀਨ ਰਜਿਸਟਰਡ ਕਰਵਾਉਣ ਅਤੇ ਇਸ ਦੀਆਂ ਸ਼ਰਤਾਂ/ਮਿੱਥਿਆਵਾਂ ਨੂੰ ਮੰਨਣ ਦੇ ਪਾਬੰਦ ਹੋਵੋਗੇ।

36) ਆਪ ਵਲੋਂ ਜਨ ਸਿਹਤ ਸੇਵਾਵਾਂ ਜਿਵੇ ਕਿ ਵਾਟਰ ਸਪਲਾਈ, ਸੀਵਰੇਜ ਅਤੇ ਰੇਨ ਵਾਟਰ ਦੀ ਡਿਸਪੋਜਲ ਲਈ ਸਬੰਧਤ ਵਿਭਾਗ ਤੋਂ ਪ੍ਰਵਾਨਗੀ ਪ੍ਰਾਪਤ ਕੀਤੀ ਜਾਵੇਗੀ।

37) ਆਪ ਉਕਤ ਸ਼ਰਤਾਂ ਅਤੇ ਵੱਖ ਵੱਖ ਵਿਭਾਗਾਂ ਵਲੋਂ ਜਾਰੀ ਐਨ.ਓ.ਸੀ ਵਿੱਚ ਦਰਜ ਸ਼ਰਤਾਂ ਦੀ ਪੂਰਤੀ ਕਰਨ ਉਪਰੰਤ **The Punjab Regional and Town Planning and Development Act-1995, Sector-180(2)(i)** ਤਹਿਤ ਤਿਆਰ ਕੀਤੇ ਗਏ **Punjab Urban Planning and Development Rules-2021** ਦੇ ਪਾਰਟ **-III**, ਸਬ ਰੂਲ-14 ਅਨੁਸਾਰ ਕੰਪਲੀਸ਼ਨ ਸਰਟੀਫਿਕੇਟ ਪ੍ਰਾਪਤ ਕਰਨ ਦੇ ਪਾਬੰਦ ਹੋਵੋਗੇ।

38) ਆਪ ਵਲੋ ਨਕਸਿਆ ਵਿਚ ਵਾਧੂ ਐਫ.ਏ.ਆਰ ਤਜਵੀਜ ਕੀਤੀ ਗਈ ਹੈ, ਜਿਸ ਦੀ ਪ੍ਰਵਾਨਗੀ ਮੁਖ ਪ੍ਰਸ਼ਾਸਕ, ਗਮਾਡਾ, ਐਸ.ਏ.ਐਸ.ਨਗਰ ਜੀ ਵਲੋ ਕੀਤੀ ਗਈ ਹੈ। ਜਿਸ ਸਬੰਧੀ ਲੇਖਾ ਸ਼ਾਖਾ ਦੀ ਰਿਪੋਰਟ ਅਨੁਸਾਰ ਆਪ ਨੂੰ ਜਾਰੀ ਪੱਤਰ ਨੰ:ਗਮਾਡਾ-ਉ.ਮੰ.ਇੰਜ(ਬਿ)/2023/ 76715 ਮਿਤੀ 03.07.2023 ਰਾਹੀਂ ਵਾਧੂ ਐਫ.ਏ.,ਆਰ ਸਬੰਧੀ ਬਣਦੀ ਫੀਸ ਦਾ ਸ਼ਡਿਊਲ ਜਾਰੀ ਕੀਤਾ ਗਿਆ ਹੈ। ਜਿਸ ਅਨੁਸਾਰ ਸਮੇਂ ਸਮੇਂ ਸਿਰ ਬਣਦੀਆਂ ਫੀਸਾਂ ਜਮ੍ਹਾ ਕਰਵਾਉਣ ਦੇ ਪਾਬੰਦ ਹੋਵੋਗੇ।

Although due care has been taken while approving the Building Plans as per technical norms and title of land but this approval,is not providing any right to applicant to violate the rules/guidelines of this department or any other department and also not providing any right for any illegal construction or any other activity. In case any violation found and any stage, owner shall be liable to get the building plan revised accordingly/immediately.

This approval is subject to decision of any court case prevailing in any Hon'ble court of Law, if any.

ਮੁਲਖ ਅਫਸਰ,
ਗਮਾਡਾ, ਐਸ.ਏ.ਐਸ.ਨਗਰ



CamScanner

# ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਿਟੀ

GMADA

ਸੈਕਟਰ 62, ਐਸ.ਏ.ਐਸ ਨਗਰ
( www.gmada.gov.in )

ਪਿਠ ਅੰਕਣ ਨੰ: ਗਮਾਡਾ/ਮਿ.ਅ.(ਪ)/2023 ਮਿਤੀ

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਹਾਇਕ ਕਿਰਤ ਕਮਿਸਨਰ, ਡੀ.ਏ.ਸੀ. ਕੰਪਲੈਕਸ, ਸੈਕਟਰ-76, ਐਸ.ਏ.ਐਸ.ਨਗਰ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਉਕਤ ਸਾਈਟ **Group Housing Site, Sector-67, SAS Nagar** ਦੇ ਪਾਸ ਕੀਤੇ ਜਾ ਰਹੇ ਪ੍ਰਪੋਜ਼ਡ ਪਲੈਨ ਵਿੱਚ ਏਰੀਆ ਦਾ ਲੇਬਰ ਸੈੱਸ ਦਾ 3,29,65,886/-ਰੁਪਏ ਬਣਦਾ ਹੈ। ਜਿਸ ਦੇ ਸਬੰਧ ਵਿਚ ਆਪ ਦੇ ਦਫਤਰ ਵਲੋਂ ਸਹਾਇਕ ਕਿਰਤ ਕਮਿਸ਼ਨਰ ਵਲੋਂ ਜਾਰੀ ਪੱਤਰ ਨੰ. 211 ਮਿਤੀ 18.04.2023 ਜੋ ਕਿ ਮਿਲਖ ਅਫਸਰ, ਗਮਾਡਾ ਜੀ ਨੂੰ ਸੰਬੋਧਤ ਹੈ ਵਿਚ ਲਿਖਿਆ ਗਿਆ ਹੈ ਕਿ ਬਿਲਡਿੰਗ ਐਂਡ ਅਦਰ ਕੰਟਰਟ੍ਰਸ਼ਨ ਵਰਕਰਜ ਵੈਲਫੇਅਰ ਸੈਸ ਰੂਲਜ-1998 ਦੇ ਰੂਲ (4) ਦੀ ਪ੍ਰੋਵੀਜ਼ਨ ਅਨੁਸਾਰ ਉਨ੍ਹਾਂ ਦੇ ਦਫਤਰ ਵਿਖੇ ਡੀ.ਡੀ ਨੰ. 002403 ਮਿਤੀ 05.04.2023 ਰਾਹੀਂ 20,00,000/- ਰੁਪਏ ਬਤੌਰ ਲੇਬਰ ਸੈਸ ਜਮ੍ਹਾ ਕਰਵਾ ਦਿੱਤੇ ਗਏ ਹਨ, ਬਾਕੀ ਰਹਿੰਦੇ ਲੇਬਰ ਸੈਸ ਦੀ ਬਣਦੀ ਰਕਮ ਉਸਾਰੀ ਤੇ ਆਉਣ ਵਾਲੇ ਖਰਚ ਕੀਤੀ ਗਈ ਰਕਮ ਦਾ 1% ਸਲਾਨਾ ਕਿਸ਼ਤਾ ਵਿਚ ਦੇਣ ਦਾ ਹਲਫੀਆ ਬਿਆਨ ਦਿੱਤਾ ਗਿਆ ਹੈ। ਅਲਾਟੀ ਦੀ ਸਾਈਟ ਦਾ ਏਰੀਆ 51036.92 ਵ.ਮੀਟਰ ਦਾ ਹੈ। ਪਾਸ ਕੀਤੇ ਜਾ ਰਹੇ ਪ੍ਰਪੋਜ਼ਡ ਪਲੈਨ ਵਿੱਚ ਕੁੱਲ ਕਵਰਡ ਏਰੀਆ 2996898.704 ਵ.ਫੁੱਟ ਪਾਸ ਕੀਤਾ ਜਾ ਰਿਹਾ ਹੈ।

2. ਸੀਨੀਅਰ ਲੇਖਾ ਅਫਸਰ (ਰਿਕਵਰੀ), ਦਫ: ਮਿਲਖ ਅਫਸਰ, ਗਮਾਡਾ, ਐਸ.ਏ.ਐਸ.ਨਗਰ ਜੀ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਅਲਾਟੀ ਵਲੋਂ ਸਕਰੂਟਨੀ ਫੀਸ ਵਜੋਂ 1,12,23,186/-ਰੁਪਏ ਜੋ ਕਿ ਰਸੀਦ ਨੰ. 138646 ਮਿਤੀ 03.07.2023 ਜਮ੍ਹਾ ਕਰਵਾਏ ਗਏ ਹਨ। ਅਲਾਟੀ ਵਲੋਂ ਜਮ੍ਹਾ ਕਰਵਾਈ ਗਈ ਸਕਰੂਟਨੀ ਫੀਸ ਵਿਚੋਂ ਅੱਧੀ ਫੀਸ ਸੀਨੀਅਰ ਨਗਰ ਯੋਜਨਾਕਾਰ, ਐਸ.ਏ.ਐਸ.ਨਗਰ ਜੀ ਨੂੰ ਟਰਾਂਸਫਰ ਕੀਤੀ ਜਾਵੇ ਜੀ।

ਮਿਲਖ ਅਫਸਰ,
ਗਮਾਡਾ, ਐਸ.ਏ.ਐਸ.ਨਗਰ



CamScanner